ਅੰਮ੍ਰਿਤਸਰ ਕੀ ਹੈ ਅਤੇ ਕਿੱਥੇ ਹੈ?

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਪੰਥਕ ਰਹਿਤ ਮਰਿਯਾਦਾ ਅਨੁਸਾਰ ਪੰਥ ਨੇ ਅਕਾਲ ਪੁਰਖ ਕੋਲੋਂ ਸਿੱਖਾਂ ਵਾਸਤੇ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ ਦੀ ਮੰਗ ਦੇ ਨਾਲ ਹੀ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ ਵੀ ਮੰਗ ਕੀਤੀ ਹੋਈ ਹੈ। ਭਾਵੇਂ ਪੰਥਕ ਰਹਿਤ ਮਰਿਯਾਦਾ ਵਿੱਚ ਸਰੋਵਰ ਦੇ ਜਲ ਨੂੰ ਅੰਮ੍ਰਿਤ ਨਹੀਂ ਲਿਖਿਆ ਅਤੇ ਨਾ ਹੀ ਉਸ ਜਲ ਵਿੱਚ ਕਿਸੇ ਉਚੇਚੀ ਸ਼ਕਤੀ ਦਾ ਹੀ ਜ਼ਿਕਰ ਕੀਤਾ ਹੈ। ਪਰ ਅਕਾਲ ਪੁਰਖ ਕੋਲੋਂ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ ਕੀਤੀ ਮੰਗ ਵਿੱਚ ਅਜਿਹਾ ਕੋਈ ਵੀ ਸੰਕੇਤ ਨਹੀਂ ਹੈ ਜਿਸ ਤੋਂ ਇਹ ਸਪੱਸ਼ਟ ਹੋ ਸਕੇ ਕਿ ਇਹ ਇਸ਼ਨਾਨ ਕਿਹੜੇ ਅੰਮ੍ਰਿਤ ਦੇ ਸਰੋਵਰ ਵਿੱਚ ਕਰਨਾ ਹੈ। ਸਮਝਿਆ ਇਹੀ ਜਾਂਦਾ ਹੈ ਕਿ ਹਰਿਮੰਦਰ ਸਾਹਿਬ ਜੀ ਦਾ ਸਰੋਵਰ ਆਮ ਵਰਤੋਂ ਵਾਲੇ ਜਲ ਨਾਲ ਨਹੀਂ ਸਗੋਂ ਅੰਮ੍ਰਿਤ ਨਾਲ ਭਰਿਆ ਹੋਇਆ ਹੈ। ਸਾਡੇ ਪ੍ਰਚਾਰਕ ਇਸ ਨੂੰ ਅੰਮ੍ਰਿਤ ਸਰੋਵਰ ਦੱਸ ਕੇ ਇਸ ਵਿੱਚ ਕੀਤੇ ਇਸ਼ਨਾਨ ਤੋਂ ਰੋਗਾਂ ਦੇ ਨਾਸ ਹੋ ਜਾਣ ਦੀ ਅਥਵਾ ਹੋਰ ਆਸਾਂ ਪੂਰੀਆਂ ਹੋ ਜਾਣ ਦੀ ਮਹਿਮਾ ਅਕਸਰ ਸੁਣਾਉਂਦੇ ਰਹਿੰਦੇ ਹਨ।

ਸਿੱਖ ਪੰਥ ਦੇ ਵਿਦਵਾਨ ਲਿਖਾਰੀ ਸ: ਜਸਵੰਤ ਸਿੰਘ ਜੀ ਨੇਕੀ ਨੇ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਅੰਮ੍ਰਿਤ ਦਾ ਸਰੋਵਰ ਲਿਖ ਕੇ ਇਸ ਵਿੱਚ ਕੀਤੇ ਇਸ਼ਨਾਨ ਤੋਂ ਮਿਲਦੇ ਫ਼ਲਾਂ ਦਾ ਜ਼ਿਕਰ ਕਰਨ ਦੇ ਨਾਲ ਨਾਲ ਸ਼ਹਿਰ ਵਿਚਲੇ ਬਾਕੀ ਸਰੋਵਰਾਂ ਵਿੱਚ ਕੀਤੇ ਇਸ਼ਨਾਨ ਨੂੰ ਵੀ ਉਚੇਚੇ ਫ਼ਲ ਦੇਣ ਵਾਲਾ ਇਨ੍ਹਾਂ ਸ਼ਬਦਾਂ ਵਿੱਚ ਲਿਖਿਆ ਹੈ:

੧. ਸ੍ਰੀ ਅੰਮ੍ਰਿਤ-ਸਰੋਵਰ ਦਾ ਇਸ਼ਨਾਨ ਜੀਵਨ ਨੂੰ ਅੰਮ੍ਰਿਤਮਈ ਬਣਾਉਂਦਾ ਹੈ ਤੇ ਮਰਨ ਦਾ ਭੈ ਦੂਰ ਹੋ ਜਾਂਦਾ ਹੈ।

੨. ਰਾਮਸਰ ਦਾ ਇਸ਼ਨਾਨ ਬਾਣੀ ਦਾ ਇਸ਼ਨਾਨ ਮੰਨਿਆ ਜਾਂਦਾ ਹੈ ਕਿਉਂਕਿ ਇਸ ਸਰੋਵਰ ਦੇ ਕੰਢੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੀ ਹੋਈ ਸੀ ਤੇ ਸੁਖਮਨੀ ਸਾਹਿਬ ਦਾ ਉਚਾਰਣ ਵੀ।

੩. ਬਿਬੇਕਸਰ ਦੇ ਇਸ਼ਨਾਨ ਤੋਂ ਬਿਬੇਕ ਪ੍ਰਾਪਤ ਹੁੰਦਾ ਹੈ। ਇਸ ਸਰੋਵਰ ਦੇ ਕੰਢੇ ਬਿਬੇਕੀ ਮਹਾਂਪੁਰਖ ਟਿਕਦੇ ਹੁੰਦੇ ਸਨ।

੪. ਸੰਤੋਖਸਰ ਦੇ ਇਸ਼ਨਾਨ ਨਾਲ ਆਤਮਿਕ ਤ੍ਰਿਪਤੀ ਹੁੰਦੀ ਹੈ, ਕਿਰਤ ਕਰਦੇ ਹੋਏ ਵੰਡ ਛਕਣ ਦਾ ਉਮਾਹ ਜਾਗਦਾ ਹੈ। ਉਹ ਸੰਤੋਖ ਪ੍ਰਾਪਤ ਹੁੰਦਾ ਹੈ ਜਿਸ ਬਾਝੋਂ ਰੱਜ ਨਹੀਂ ਹੁੰਦਾ (**ਬਿਨਾਂ ਸੰਤੋਖ ਨਹੀ ਕੋਊ ਰਾਜੈ॥੨੭੯**)

੫. ਕੌਲਸਰ ਦੇ ਇਸ਼ਨਾਨ ਤੋਂ ਇੱਕ ਆਜ਼ਾਦੀ ਦੀ ਚੇਟਕ ਲਗਦੀ ਹੈ। ਗੁਰੂ ਹਰਿ ਗੋਬਿੰਦ ਸਾਹਿਬ ਜੀ ਬੀਬੀ ਕੌਲਾਂ ਨੂੰ ਤਸੀਹਿਆਂ ਤੋਂ ਛੁਡਾ ਕੇ ਲੈ ਆਏ ਸਨ ਤੇ ਇਹ ਸਰੋਵਰ ਉਸ ਦੀ ਯਾਦ ਵਿੱਚ ਹੈ, ਤਾਂ ਦੂਜੇ ਪਾਸੇ ਆਤਮ-ਖੇੜੇ ਦਾ ਉਮਾਹ ਜਾਗਦਾ ਹੈ, ਉਰਧ ਕੰਵਲ ਵਿਗਸਦਾ ਹੈ।

ਏਧਰ ਹਿੰਦੂਆਂ ਦੇ ਤੀਰਥ ਹਜ਼ਾਰਾਂ ਸਾਲਾਂ ਤੋਂ ਬੜੇ ਪਵਿੱਤਰ ਮੰਨੇ ਜਾਂਦੇ ਸਨ। ਤੀਰਥਾਂ ਬਾਰੇ ਇਹ ਵਿਸ਼ਵਾਸ ਬੜਾ ਪੱਕਾ ਬਣਿਆ ਹੋਇਆ ਸੀ ਕਿ ਉਹ ਪਾਪਾਂ ਦਾ ਨਾਸ ਕਰਨ ਵਾਲੇ, ਕਈ ਤਰ੍ਹਾਂ ਦੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ ਵਾਲੇ ਅਤੇ ਪ੍ਰਾਣੀ ਦਾ ਪ੍ਰਲੋਕ ਸੁਧਾਰ ਦੇਣ ਦੀ ਸ਼ਕਤੀ ਵਾਲੇ ਹਨ। ਕ੍ਰੋੜ੍ਹਾਂ ਦੀ ਗਿਣਤੀ ਵਿੱਚ ਲੋਕ ਤੀਰਥਾਂ ਦੇ ਇਸ਼ਨਾਨ ਤੋਂ ਆਪਣੇ ਮਨ ਇਛੇ ਫਲ ਪ੍ਰਾਪਤ ਕਰ ਲੈਣ ਦੇ ਭਰੋਸੇ ਨਾਲ ਇਨ੍ਹਾਂ ਹਿੰਦੂ ਤੀਰਥਾਂ ਦੀ ਪੂਜਾ ਬੰਧਨਾ ਕਰਦੇ ਆ ਰਹੇ ਹਨ।

ਪਰ ਜਦ ਗੁਰੂ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਗੁਰੂ ਸਾਹਿਬਾਨ ਹਿੰਦੂ ਤੀਰਥਾਂ 'ਤੇ ਪੁੱਜ ਕੇ ਲੋਕਾਂ ਦੇ ਉਸ ਵਿਸ਼ਵਾਸ ਦੀ ਖੰਡਨਾ ਕਰਦੇ ਦਰਸ਼ਨ ਦੇ ਰਹੇ ਹਨ। ਤੀਰਥ ਯਾਤਰਾ ਜਾਂ ਤੀਰਥ ਇਸ਼ਨਾਨਾਂ ਤੋਂ ਮਿਲਦੇ ਫ਼ਲਾਂ ਦੇ ਭਰਮ ਦੀ ਖੰਡਨਾ ਕਰਦੇ ਅਨੇਕਾਂ ਫੁਰਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹਨ। ਫਿਰ ਕੀ ਇਹ ਸਮਝਿਆ ਜਾਵੇ ਕਿ ਦੂਜੇ ਧਰਮ ਦੇ ਤੀਰਥਾਂ ਨੂੰ ਬੰਦ ਕਰਵਾ ਕੇ ਗੁਰੂ ਸਾਹਿਬ ਉਸੇ ਤਰ੍ਹਾਂ ਦੇ ਤੀਰਥ ਆਪ ਸਿਰਜਣਾ ਚਾਹੁੰਦੇ ਸਨ? ਕੀ ਗੁਰੂ ਸਾਹਿਬ ਦਾ ਇਹ ਵਿਚਾਰ ਸੀ ਕਿ ਹਿੰਦੂ ਤੀਰਥਾਂ ਦੀ ਮਹਿਮਾ ਘਟਾ ਕੇ ਸਾਰੀ ਰੌਣਕ ਆਪਣੇ ਸਿਰਜੇ ਚਸ਼ਮਿਆਂ, ਸਰੋਵਰਾਂ, ਖੂਹਾਂ, ਬਾਉਲੀਆਂ ਆਦਿ ਤੇ ਲੈ ਆਂਦੀ ਜਾਵੇ? ਕੀ ਇਉਂ ਮੰਨਿਆ ਜਾਵੇ ਕਿ ਹਿੰਦੂਆਂ ਦੇ ਤੀਰਥਾਂ ਦੇ ਇਸ਼ਨਾਨ ਨੂੰ ਨਿਸਫ਼ਲ ਕਹਿਣ ਵਾਲੇ ਗੁਰੂ ਸਾਹਿਬਾਨ ਨੇ ਆਪ ਅਜਿਹੇ ਤੀਰਥ ਥਾਪ ਲਏ ਜਿਨ੍ਹਾਂ ਦੇ ਜਲ ਵਿੱਚ ਸਾਰੀਆਂ ਰੱਬੀ ਸ਼ਕਤੀਆਂ ਆ ਬਿਰਾਜੀਆਂ ਸਨ? ਕੀ ਸਤਿਗੁਰੂ ਨਾਨਕ ਸਾਹਿਬ ਜੀ ਬਾਰੇ ਇਹ ਸੋਚਿਆ ਜਾਵੇ ਕਿ ਉਨ੍ਹਾਂ ਦਾ ਉਪਦੇਸ਼ ਕੇਵਲ ਬ੍ਰਾਹਮਣਾਂ ਜਾਂ ਹਿੰਦੂਆਂ ਵਾਸਤੇ ਹੀ ਸੀ? ਕੀ ਹਜ਼ੂਰ ਜੋ ਕੁਝ ਮੂੰਹੋਂ ਕਹਿੰਦੇ ਸਨ ਜਾਂ ਲਿਖਦੇ ਸਨ, ਆਪ ਉਸ ਦੇ ਉਲਟ ਕਰਮ ਕਰਦੇ ਸਨ? ਕੀ ਸਤਿਗੁਰਾਂ ਦਾ ਉਪਦੇਸ਼ ਇੱਕ ਡਰਾਮਾ ਹੀ ਸੀ? ਕੀ ਗੁਰੂ ਇਤਿਹਾਸ ਨਾਲ ਜੁੜੇ ਚਸ਼ਮਿਆਂ, ਸਰੋਵਰਾਂ, ਬਾਉਲੀਆਂ ਆਦਿ ਦੇ ਇਸ਼ਨਾਨ ਨੂੰ ਫਲਦਾਇਕ ਸ਼ਕਤੀਆਂ ਵਾਲੇ ਮੰਨ ਕੇ ਅਸੀਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਤਾਂ ਨਹੀਂ ਕਰ ਰਹੇ? ਕੀ ਪੰਥ ਦੀ ਅਗਵਾਈ ਦੇ ਜ਼ਿੰਮੇਦਾਰ ਕਿਸੇ ਜਥੇਦਾਰ ਨੇ ਜਾਂ ਅਸਾਂ ਕਦੇ ਇਨ੍ਹਾਂ ਪ੍ਰਸ਼ਨਾਂ ਵੱਲ ਧਿਆਨ ਦਿੱਤਾ ਹੈ?

ਆਪਣੇ ਨਿਆਰੇ ਗੁਰੂ ਦੇ ਨਿਆਰੇ ਗਿਆਨ ਦੇ ਪ੍ਰਤੀਕੂਲ ਕੋਈ ਵਿਚਾਰ ਲਿਖਣੀ ਤਾਂ ਕਿਤੇ ਰਹੀ, ਅਜਿਹੀ ਸੋਚ ਹਿਰਦੇ ਵਿੱਚ ਆਉਣ ਦੇਣੀ ਵੀ, ਕਦੇ ਨਾ ਬਖ਼ਸ਼ਿਆ ਜਾਣ ਵਾਲਾ ਅਪਰਾਧ ਹੈ। ਅਸਲੀਅਤ ਇਹ ਹੈ ਕਿ ਅਸਾਂ ਹੀ ਬਿੱਪ੍ਰ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਆਪਣੇ ਹੀ ਗੁਰੂ ਦੇ ਗਿਆਨ ਤੋਂ ਮੁੱਖ ਫੇਰੀ ਜਾ ਰਹੇ ਹਾਂ। ਜਿਨ੍ਹਾਂ ਜਲ ਭੰਡਾਰਾਂ ਦੀ ਸਾਂਝੀ ਵਰਤੋਂ ਨੇ ਸ਼ੂਦਰ ਦੇ ਮਨ ਵਿੱਚ ਦਲੇਰੀ ਭਰ ਦਿੱਤੀ ਸੀ ਕਿ ਉਹ ਵੀ ਉਸੇ ਜਲ ਦੀ ਉਸੇ ਤਰ੍ਹਾਂ ਹੀ ਵਰਤੋਂ ਕਰ ਸਕਦਾ ਹੈ ਜਿਵੇਂ ਕੋਈ ਉੱਚ ਜਾਤੀ ਠਾਕੁਰ, ਖੱਤ੍ਰੀ ਜਾਂ ਬ੍ਰਾਹਮਣ ਕਰ ਸਕਦਾ ਸੀ। ਇਸ ਤਰ੍ਹਾਂ ਗੁਰਮਤਿ ਦੇ ਇਹ ਸਾਂਝੇ ਸਰੋਵਰ ਤੇ ਬਾਉਲੀਆਂ ਛੂਤ-ਛਾਤ ਦੇ ਮੂੰਹ ਤੇ ਬੜੀ ਕਰਾਰੀ ਚਪੇੜ ਸਨ। ਸਤਿਗੁਰਾਂ ਦੇ ਸ਼ਬਦਾਂ ਦੇ ਮਨਮੱਤੀ ਅਰਥ ਕਰਕੇ ਬਿੱਪ੍ਰਨ ਕੀ ਰੀਤ ਦੇ ਧਾਰਨੀ ਬਣਨਾ ਗੁਰ ਸ਼ਬਦ ਦੀ ਪਛਾਣ ਭੁੱਲ ਜਾਣਾ ਹੈ ਜੋ ਮਨਮੁਖਤਾਈ ਹੈ।

- ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ (੧੦੫੪)

ਪੰਥਕ ਰਹਿਤ ਮਰਿਯਾਦਾ ਲਿਖਣ ਸਮੇਂ ਜਿਹੜੀ ਅੰਮ੍ਰਿਤਸਰ ਦੇ ਇਸ਼ਨਾਨਾਂ ਦੀ ਮੰਗ ਭਾਵੇਂ ਬਿਲਕੁਲ ਗੁਰਬਾਣੀ ਦੇ ਹੁਕਮਾਂ ਦੇ ਅਨੁਕੂਲ ਹੀ ਹੈ, ਪਰ ਗੁਰਬਾਣੀ ਦੇ ਹੁਕਮਾਂ ਦੀ ਪ੍ਰਵਾਹ ਕਰਨੀ ਭੁੱਲੀ ਜਾ ਰਹੇ ਸਿੱਖ ਨੇ, ਮੰਗ ਦੇ ਆਪਣੀ ਵਿਉਂਤ ਵਾਲੇ ਅਰਥ ਘੜ੍ਹ ਲਏ ਅਤੇ ਗੁਰੂ ਨਾਨਕ ਜੀ ਦੀ ਅਦੁੱਤੀ ਘਾਲਣਾ ਨੂੰ ਵਿਅਰਥ ਸਿੱਧ ਕਰਨ ਦਾ ਬੀੜਾ ਚੁੱਕ ਲਿਆ ਹੈ। ਹਿੰਦੂ ਤੀਰਥਾਂ ਵਾਂਗ ਹੀ ਮੱਸਿਆ, ਪੁੰਨਿਆ, ਸੰਗ੍ਰਾਦਾਂ ਆਦਿ ਤੇ ਇਸ਼ਨਾਨ ਕਰਨ ਵਾਲੇ ਗੁਰੂ ਦੇ ਲਾਲਾਂ ਦੀਆਂ ਭੀੜਾਂ ਗੁਰੂ ਘਰਾਂ ਵਿੱਚ ਬਣੇ ਸਰੋਵਰਾਂ ਤੇ ਵੀ ਵਧਦੀਆਂ ਹੀ ਗਈਆਂ।

ਪਰ ਭੋਲੇ-ਭਾਲੇ ਸਿੱਖਾਂ ਦਾ ਵੀ ਕੀ ਦੋਸ਼? ਸਾਡੇ ਰਾਗੀਆਂ, ਢਾਡੀਆਂ, ਪ੍ਰਚਾਰਕਾਂ ਤੇ ਡੇਰੇਦਾਰਾਂ ਤੋਂ ਜਦ ਸਤਿਗੁਰਾਂ ਦਾ ਇਹ ਹੁਕਮ ਸੁਣੀਏ "**ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ॥**"(੯੮੧), ਕਿ ਹੇ ਰਾਮ! ਸਾਨੂੰ ਸ੍ਰੀ ਅੰਮ੍ਰਿਤਸਰ ਸਰੋਵਰ ਦੇ ਇਸ਼ਨਾਨ ਕਰਵਾ ਅਤੇ ਫਿਰ "**ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ**"(੧੦੪੩), ਜਿਸ ਦਾ ਅਰਥ ਵੀ ਏਹੀ ਸੁਣਾਇਆ ਜਾਂਦਾ ਹੈ ਕਿ ਜੇ ਮਾਇਆ ਜ਼ਹਿਰ ਦੇ ਮੋਹ ਨੂੰ ਜੜ੍ਹਾਂ ਤੋਂ ਮੁਕਾਉਣਾ ਹੈ ਤਾਂ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਵਿੱਚ ਇਸ਼ਨਾਨ ਕਰਿਆ ਕਰੋ। ਸੋ ਇਸ ਤਰ੍ਹਾਂ ਕੁਝ ਟਾਂਵਿਆਂ ਗੁਰਮੁਖ ਪਰਿਵਾਰਾਂ ਨੂੰ ਛੱਡ ਕੇ ਲਗਭਗ ਸਾਰੇ ਸਿੱਖ ਜਗਤ ਵਿੱਚ ਇਹੀ ਭਰੋਸਾ ਬਣ ਚੁੱਕਾ ਹੈ ਕਿ ਹਿੰਦੂ ਤੀਰਥਾਂ ਦੇ ਇਸ਼ਨਾਨ ਤਾਂ ਭਾਵੇਂ ਨਿਸਫ਼ਲ ਹੀ ਹੋਣਗੇ ਪਰ ਗੁਰੂ ਘਰਾਂ ਵਿੱਚ ਬਣੇ ਸਰੋਵਰਾਂ ਦੇ ਇਸ਼ਨਾਨ ਪਾਪਾਂ ਨੂੰ ਨਾਸ ਜ਼ਰੂਰ ਕਰ ਦਿੰਦੇ ਹਨ ਅਤੇ ਗੁਰੂ ਘਰਾਂ ਦੇ ਇਨ੍ਹਾਂ ਸਰੋਵਰਾਂ ਵਿੱਚ ਇਸ਼ਨਾਨ ਕੀਤਿਆਂ ਮਨ ਦੀਆਂ ਮੁਰਾਦਾਂ ਵੀ ਜ਼ਰੂਰ ਪੂਰੀਆਂ ਹੋ ਜਾਂਦੀਆਂ ਹਨ। ਗੁਰਮਤਿ ਸਿਧਾਂਤ ਦੀ ਖੰਡਨਾ ਕਰਨ ਵਾਲੇ ਇਸ ਦੁਖਦਾਈ ਭੁਲੇਖੇ ਤੋਂ ਛੁਟਕਾਰਾ ਪਾਉਣ ਲਈ ਗੁਰਬਾਣੀ ਦੇ ਸ਼ਬਦਾਂ ਦੀ

ਵਿਚਾਰ ਬੜੀ ਇਕਾਗਰਤਾ ਨਾਲ ਕਰਨ ਦੀ ਲੋੜ ਹੈ। ਗੁਰਬਾਣੀ ਵਿਚਾਰ ਆਰੰਭ ਕਰਨ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਢਲਾ ਇਤਿਹਾਸ ਪੜ੍ਹ ਲੈਣਾ ਬੜਾ ਜ਼ਰੂਰੀ ਹੈ।

ਸ੍ਰੀ ਅੰਮ੍ਰਿਤਸਰ ਦਾ ਸੰਖੇਪ ਇਤਿਹਾਸ

ਸ੍ਰੀ ਗੁਰੂ ਅਮਰਦਾਸ ਜੀ ਨੇ ਤੁੰਗ, ਗੁਮਟਾਲਾ ਅਤੇ ਸੁਲਤਾਨਵਿੰਡ ਪਿੰਡਾਂ ਤੋਂ ਜ਼ਮੀਨ ਲਈ ਹੋਈ ਸੀ। ੧੬੨੧ ਵਿੱਚ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਗੋਇੰਦਵਾਲ ਸਾਹਿਬ ਤੋਂ ਆ ਕੇ ਇਸ ਜ਼ਮੀਨ ਵਿਚਲੀ ਨੀਵੀਂ ਥਾਂ ਵਿੱਚ ਤਲਾਬ ਖੁਦਵਾਇਆ ਸੀ। ਫਿਰ ੧੬੩੧ ਵਿੱਚ ਗੁਰੂ ਅਮਰਦਾਸ ਜੀ ਦੀ ਹੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਇੱਥੇ ਇੱਕ ਪਿੰਡ ਬੱਧਾ ਤੇ ਉਸ ਦਾ ਨਾਂ "ਗੁਰੂ ਕਾ ਚੱਕ" ਰੱਖਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੁੰਦਿਆਂ ਹੀ ਪਿਤਾ ਗੁਰੂ ਦੇ ਪਿੰਡ ਤੇ ਤਲਾਬ ਦੀ ਸੇਵਾ ਬੜੇ ਪਿਆਰ ਅਤੇ ਉਤਸ਼ਾਹ ਨਾਲ ਕਰਨੀ ਆਰੰਭ ਕਰ ਦਿੱਤੀ ਅਤੇ ਫਿਰ ੧੬੩੮ ਵਿੱਚ ਨਗਰ ਦਾ ਨਾਂ ਰਾਮਦਾਸਪੁਰਾ ਰੱਖਿਆ। ੧੬੪੩ ਵਿੱਚ ਸਰੋਵਰ ਨੂੰ ਪੱਕਾ ਕਰਨਾ ਸ਼ੁਰੂ ਕਰ ਦਿੱਤਾ। ਭਾਦੋਂ ਸੁਦੀ ੧ ਸੰਮਤ ੧੬੬੧ ਵਾਲੇ ਦਿਨ ਸਰੋਵਰ ਦੇ ਵਿਚਕਾਰ ਬਣੇ ਹਰਿਮੰਦਰ ਵਿੱਚ ਨਾਮ ਅੰਮ੍ਰਿਤ ਦੇ ਮਹਾਨ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼, ਪੰਚਮ ਪਾਤਸ਼ਾਹ ਜੀ ਨੇ ਆਪਣੇ ਕਰ-ਕਮਲਾਂ ਨਾਲ ਕੀਤਾ। ਗੁਰਬਾਣੀ ਰੂਪ ਅੰਮ੍ਰਿਤ ਦਾ ਮਹਾਨ ਸਾਗਰ ਜਿਸ ਸਰੋਵਰ ਦੇ ਐਨ ਵਿਚਕਾਰ ਆ ਬਿਰਾਜਿਆ ਸੀ, ਉਸ ਸਰੋਵਰ ਦਾ ਨਾਮ ਵੀ ਸਤਿਗੁਰਾਂ ਨੇ ਅੰਮ੍ਰਿਤਸਰ ਹੀ ਰੱਖ ਦਿੱਤਾ। ਫਿਰ ਇਸ ਸਰੋਵਰ ਦੇ ਨਾਮ ਤੋਂ ਰਾਮਦਾਸ ਪੁਰ ਨਗਰ ਦਾ ਨਾਮ ਵੀ ਅੰਮ੍ਰਿਤਸਰ ਹੋ ਗਿਆ। (ਭਾਵ, ਸੰਨ ੧੬੦੪ ਤੋਂ ਪਹਿਲਾਂ ਨਾ ਹੀ ਅਜੋਕੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਸੀ ਅਤੇ ਨਾ ਹੀ ਸਰੋਵਰ ਦਾ ਨਾਮ ਅੰਮ੍ਰਿਤਸਰ ਸੀ)।

ਗੁਰਬਾਣੀ ਨੇ ਕੇਵਲ ਪ੍ਰਭੂ ਨਾਮ ਨੂੰ ਹੀ ਅੰਮ੍ਰਿਤ ਮੰਨਿਆ ਹੈ

- ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥ ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥ (੧੨੩੮)

ਕਿਸੇ ਨਾਸਵੰਤ ਅਥਵਾ ਦ੍ਰਿਸ਼ਟਮਾਨ ਪਦਾਰਥ ਨੂੰ ਸਦੀਵੀ ਜ਼ਿੰਦਗੀ ਦੇ ਸਕਣ ਦੀ ਸ਼ਕਤੀ ਵਾਲਾ ਅੰਮ੍ਰਿਤ ਸਤਿਗੁਰਾਂ ਨੇ ਮੁੱਢੋਂ ਹੀ ਨਹੀਂ ਮੰਨਿਆ। ਗੁਰੂ ਸ਼ਬਦਾਂ ਦੇ ਅਰਥ ਸਮਝਣ ਲੱਗਿਆਂ ਸਤਿਗੁਰਾਂ ਦੇ ਇਸ ਫੁਰਮਾਨ ਅਥਵਾ ਗੁਰਮਤਿ ਦੇ ਇਸ ਅਟੱਲ ਸਿਧਾਂਤ ਨੂੰ ਅੱਖੋਂ ਉਹਲੇ ਕਰਨਾ ਅਗਿਆਨਤਾ ਜਾਂ ਕੁਟਿਲਤਾ ਹੈ। ਆਉ, ਰਾਮਦਾਸ ਸ਼ਬਦ ਦੇ ਅਰਥ ਚੰਗੀ ਤਰ੍ਹਾਂ ਦ੍ਰਿੜ੍ਹ ਕਰਨ ਤੋਂ ਪਹਿਲਾਂ ਇਨ੍ਹਾਂ ਤੁਕਾਂ ਵਾਲੇ ਸ਼ਬਦ ਵੀਚਾਰੀਏ:

- ਸੇਵਹੁ ਸਤਿਗੁਰ ਸਮੁੰਦੁ ਅਥਾਹਾ॥ ਪਾਵਹੁ ਨਾਮੁ ਰਤਨੁ ਧਨੁ ਲਾਹਾ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ॥ (੧੦੪੩)

ਸਤਿਗੁਰੂ ਅਥਾਹ ਸਮੁੰਦਰ ਹੈ, ਉਸ ਵਿੱਚ ਪ੍ਰਭੂ ਦੇ ਗੁਣਾਂ ਦੇ ਰਤਨ ਭਰੇ ਹੋਏ ਹਨ। ਗੁਰੂ ਦੀ ਦੱਸੀ ਹੋਈ ਸੇਵਾ ਕਰਕੇ, ਗੁਰੂ ਪਾਸੋਂ ਨਾਮ ਰਤਨ ਨਾਮ ਧਨ ਪ੍ਰਾਪਤ ਕਰ ਸਕੋਗੇ। ਇਹੀ ਹੈ ਮਨੁੱਖਾ ਜੀਵਨ ਦਾ ਲਾਭ। ਗੁਰੂ ਦੀ ਸ਼ਰਨ ਪੈ ਕੇ ਨਾਮ ਅੰਮ੍ਰਿਤ ਦੇ ਸਰੋਵਰ ਵਿੱਚ ਆਤਮਿਕ ਇਸ਼ਨਾਨ ਕਰੋ, ਇਸ ਤਰ੍ਹਾਂ ਮਾਇਆ ਦੇ ਮੋਹ ਦੀ ਮੈਲ ਮਨ ਤੋਂ ਮੁੱਕ ਜਾਵੇਗੀ ਤੇ ਗੁਰੂ ਸਰੋਵਰ ਦਾ ਸੰਤੋਖ ਜਲ ਪ੍ਰਾਪਤ ਹੋ ਜਾਵੇਗਾ।

ਇਹ ਸ਼ਬਦ ਸਤਿਗੁਰੂ ਨਾਨਕ ਸਾਹਿਬ ਨੇ ਉਚਾਰਿਆ ਸੀ, ਭਾਵ ਸੰਮਤ ੧੫੬੯ ਤੋਂ ਪਹਿਲਾਂ। ਉਸ ਵੇਲੇ ਅੰਮ੍ਰਿਤਸਰ ਸਰੋਵਰ ਜਾਂ ਅੰਮ੍ਰਿਤਸਰ ਸ਼ਹਿਰ ਦਾ ਕੋਈ ਨਾ ਪਤਾ ਕਿਸੇ ਦੀ ਜ਼ੁਬਾਨ ਤੇ ਨਹੀਂ ਸੀ। ਸਿੱਖ ਧਰਮ ਵਿਚਲੇ ਕਈ ਧਰਮ ਆਗੂ ਅਜਿਹੇ ਵੀ ਹਨ ਜਿਹੜੇ ਗੁਰੂ ਸਾਹਿਬ ਨੂੰ ਹਰ ਸਮੇਂ ਕਰਾਮਾਤਾਂ ਕਰਦੇ ਦਰਸਾਉਣ ਵਾਲੇ ਜਾਂ ਸਤਿਗੁਰਾਂ ਦੀ ਸਰਬ ਉੱਚਤਾ ਸਿਰਫ਼ ਕਰਾਮਾਤਾਂ ਦੇ ਕਾਰਨ ਹੀ ਮੰਨਣ ਵਾਲੇ ਹਨ। ਅਜਿਹੇ ਡੇਰੇਦਾਰਾਂ ਅਥਵਾ ਉਨ੍ਹਾਂ ਦੇ ਚੇਲਿਆਂ ਨੂੰ ਜਾਂ ਅਗਿਆਨੀ ਸਿੱਖਾਂ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਸ਼ਹਿਰ ਅਥਵਾ ਸਰੋਵਰ ਦਾ ਨਾਮ "ਅੰਮ੍ਰਿਤਸਰ" ਗੁਰੂ ਨਾਨਕ ਦੇਵ ਜੀ ਨੇ ਆਪਣੇ ਪਹਿਲੇ ਸਰੂਪ ਸਮੇਂ ਹੀ ਮਿਥ ਦਿੱਤਾ ਸੀ। ਅਖੇ ਉਨ੍ਹਾਂ ਨੇ ਗੁਰੂ

ਅੰਗਦ ਦੇਵ ਜੀ ਨੂੰ ਦੱਸ ਦਿੱਤਾ ਸੀ ਕਿ ਅਸਾਂ ਆਪਣੇ ਚੌਥੇ ਅਤੇ ਪੰਜਵੇਂ ਸਰੂਪਾਂ ਦੇ ਸਮੇਂ, ਇਸ ਥਾਂ ਤੇ ਅੰਮ੍ਰਿਤ ਦਾ ਸਰੋਵਰ ਪ੍ਰਗਟ ਕਰਨਾ ਹੈ ਅਤੇ ਬੜਾ ਵੱਡਾ ਨਗਰ ਵਸਾਉਣਾ ਹੈ ਜਿਸ ਦਾ ਨਾਮ ਅੰਮ੍ਰਿਤਸਰ ਹੋਵੇਗਾ। ਉਨ੍ਹਾਂ ਦਾ ਹੀ ਕਥਨ ਹੈ ਕਿ ਸਤਿਗੁਰਾਂ ਇਹ ਵੀ ਫੁਰਮਾਨ ਕੀਤਾ ਸੀ ਕਿ ਇਹ ਥਾਂ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਬੜਾ ਕਰਾਮਾਤੀ ਤੀਰਥ ਅਸਥਾਨ ਹੋਵੇਗਾ।

ਜੇ ਸਤਿਗੁਰਾਂ ਨੇ ਇਸ ਥਾਂ ਦਾ ਨਾਮ ਪਹਿਲੇ ਸਰੂਪ ਸਮੇਂ ਹੀ "ਅੰਮ੍ਰਿਤਸਰ" ਰੱਖ ਦਿੱਤਾ ਸੀ ਤਾਂ ਚੌਥੇ ਸਰੂਪ ਸਮੇਂ ਇਸ ਦਾ ਨਾਮ "ਗੁਰੂ ਕਾ ਚੱਕ" ਅਤੇ ਫਿਰ ਪੰਜਵੇਂ ਸਰੂਪ ਸਮੇਂ "ਰਾਮਦਾਸਪੁਰਾ" ਕਿਸ ਕਾਰਨ ਰੱਖਿਆ? ਫਿਰ ਸਤਿਗੁਰੂ ਰਾਮਦਾਸ ਜੀ ਨੇ ਸਰੋਵਰ ਦਾ ਆਰੰਭ ਸੰਮਤ ੧੬੨੧ ਵਿੱਚ ਕੀਤਾ ਸੀ ਅਤੇ ੧੬੪੫ ਵਿੱਚ ਸਤਿਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਪੱਕਾ ਕਰਕੇ ਇਸ ਵਿੱਚ ਜਲ ਭਰ ਦਿੱਤਾ ਸੀ, ਪਰ ਇਸ ਨੂੰ ਅੰਮ੍ਰਿਤਸਰ ਉਸ ਦਿਨ ਕਿਹਾ ਸੀ ਜਿਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਫਿਰ ਨਗਰ ਦਾ ਨਾਮ ਸਰੋਵਰ ਦੇ ਨਾਮ ਕਾਰਨ ਰਾਮਦਾਸ ਪੁਰੇ ਤੋਂ ਅੰਮ੍ਰਿਤਸਰ ਆਪਣੇ ਆਪ ਬਣ ਗਿਆ ਸੀ।

ਅਜਿਹੀਆਂ ਨਿਰਮੂਲ ਗੱਲਾਂ ਕਰਨ ਜਾਂ ਲਿਖਣ ਤੋਂ ਇਹ ਸ਼ੰਕੇ ਜਨਮ ਲੈਂਦੇ ਹਨ:

੧. ਸਤਿਗੁਰਾਂ ਨੇ ੧੬੨੧ ਵਿੱਚ ਸਰੋਵਰ ਦੀ ਖੁਦਾਈ ਸ਼ੁਰੂ ਕਰਨ ਸਮੇਂ ਹੀ ਇਸ ਦਾ ਨਾਮ ਅੰਮ੍ਰਿਤਸਰ ਕਿਸ ਕਾਰਨ ਨਾ ਰੱਖਿਆ?

੨. ਕੀ ਆਰੰਭ ਤੋਂ ਹੀ ਅਜਿਹਾ ਨਾ ਕਰਕੇ ਸਤਿਗੁਰਾਂ ਨੇ ਸ੍ਰੀ ਰਾਮ ਚੰਦਰ ਵਾਂਗ ਹੀ ਇਹ ਡਰਾਮਾ ਕੀਤਾ ਸੀ?

੩. ਕੀ ਸੱਚ ਦੇ ਅਵਤਾਰ ਸਤਿਗੁਰੂ ਨਾਨਕ ਜੀ ਬਾਰੇ ਅਜਿਹੀਆਂ ਵਿਚਾਰਾਂ ਨੂੰ ਜਨਮ ਦੇਣ ਦਾ ਕਾਰਨ ਬਣਨਾ ਮਹਾਂ ਪਾਪ ਨਹੀਂ?

੪. ਕੀ "**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ"** (੪੯੯) ਜਿਹੇ ਪੱਕੇ ਸਿਧਾਂਤ ਵਾਲੇ ਸਤਿਗੁਰੂ ਬਾਰੇ ਅਜਿਹਾ ਸੋਚਣਾ ਬੱਜਰ ਪਾਪ ਨਹੀਂ ਹੈ?

ਗੁਰਬਾਣੀ ਵਿੱਚ ਆਏ "ਅੰਮ੍ਰਿਤਸਰ" ਸ਼ਬਦ ਦਾ ਅਰਥ ਕੋਈ ਸ਼ਹਿਰ ਜਾਂ ਪਾਣੀ ਦਾ ਸਰੋਵਰ ਕਦੇ ਨਹੀਂ ਹੋ ਸਕਦਾ।

ਗੁਰੂ ਗਿਆਨ ਅਥਵਾ ਸਤਿਗੁਰੂ ਅੰਮ੍ਰਿਤਸਰ

ਜਲ ਨਾਲ ਇਸ਼ਨਾਨ ਕਰਕੇ ਸਰੀਰ ਦੀ ਸੁੱਚਮਤਾ ਤਾਂ ਹੋ ਜਾਂਦੀ ਹੈ ਪਰ ਮਨ ਕਿਵੇਂ ਨਿਰਮਲ ਹੋ ਸਕਦਾ ਹੈ ਤੇ ਮਨ ਦੀ ਨਿਰਮਲਤਾ ਤੋਂ ਬਿਨਾਂ ਪਾਪ ਕਿਵੇਂ ਕੱਟੇ ਜਾ ਸਕਦੇ ਹਨ?

- ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥ (੬੨੫)

ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਰਾਮਦਾਸ ਸਰੋਵਰ ਦਾ ਜਲ ਪ੍ਰਭੂ ਦੇ ਨਾਮ ਬਾਣੀ ਨਾਲ ਪਵਿੱਤਰ ਹੋ ਰਿਹਾ ਹੈ ਕਿਉਂਕਿ ਹਰਿਮੰਦਰ ਵਿੱਚ ਹਰ ਵੇਲੇ ਭਜਨ ਹੋ ਰਿਹਾ ਹੈ, ਤਾਂ ਫਿਰ ਗੰਗਾ ਦਾ ਜਲ ਵੀ ਪਵਿੱਤਰ ਕਿਉਂ ਨਹੀਂ, ਉਥੇ ਵੀ ਹਰ ਵੇਲੇ ਪਾਠ, ਹਵਨ ਅਤੇ ਕਥਾ ਕੀਰਤਨ ਹੁੰਦਾ ਹੈ। ਫ਼ਰਕ ਕੀ ਹੋਇਆ? ਕੁਝ ਵੀ ਨਹੀਂ। ਕਸਵੱਟੀ ਹਮੇਸ਼ਾਂ ਇੱਕੋ ਹੀ ਹੁੰਦੀ ਹੈ, ਦੋ ਨਹੀਂ। ਜੇ ਹਿੰਦੂਆਂ ਦੇ ਤੀਰਥਾਂ ਦੇ ਇਸ਼ਨਾਨਾਂ ਦਾ ਗੁਰਮਤਿ ਖੰਡਨ ਕਰਦੀ ਹੈ ਤਾਂ ਫਿਰ ਆਪਣੇ ਤੀਰਥਾਂ ਦਾ ਮੰਡਨ ਕਿਵੇਂ ਅਨੁਕੂਲ ਹੈ? ਇਸ ਗੁੰਝਲ ਦਾ ਹੱਲ ਕੇਵਲ ਨਿਰੋਲ ਗੁਰਮਤਿ ਸਿਧਾਂਤ ਸਮਝਣ ਨਾਲ ਹੀ ਹੋ ਸਕਦਾ ਹੈ।

- ਗੁਰ ਪੂਰੇ ਤੇ ਪੂਰਾ ਪਾਏ॥ ਹਿਰਦੈ ਸਬਦੁ ਸਚੁ ਨਾਮੁ ਵਸਾਇ॥
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ॥ ਸਦਾ ਸੂਚੇ ਸਾਚਿ ਸਮਾਏ॥ (੩੬੩)

ਇਹ ਸ਼ਬਦ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦਾ ਹੈ। ਜੇ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਕਰਵਾਈ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਜੀ ਤੋਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਰਖਵਾਈ ਤਾਂ ਫਿਰ ਤੀਜੀ ਪਾਤਸ਼ਾਹੀ ਕਿਹੜੇ ਅੰਮ੍ਰਿਤਸਰ ਦੀ ਗੱਲ ਕਰਦੇ ਹਨ? ਤੁਕ ਦਾ ਭਾਵ ਅਰਥ ਹੈ ਕਿ ਅੰਦਰ ਦਾ ਮਨ ਨਿਰਮਲ ਹੋ ਜਾਂਦਾ ਹੈ ਜੇ ਅੰਮ੍ਰਿਤ ਸਰੋਵਰ ਵਿੱਚ ਨ੍ਹਾਈਏ। ਪਦ ਅੰਮ੍ਰਿਤਸਰਿ ਦੇ "ਰਾਰੇ" ਨੂੰ ਸਿਹਾਰੀ ਹੋਣ ਕਰਕੇ ਇਹ ਸੰਬੰਧਕ ਵਾਚਕ ਹੈ ਜਿਸ ਦਾ ਅਰਥ ਹੋਇਆ ਅੰਮ੍ਰਿਤਸਰ ਵਿੱਚ। ਤੀਜੀ ਪਾਤਸ਼ਾਹੀ ਦਾ ਇੱਕ ਹੋਰ ਫੁਰਮਾਨ ਸਾਨੂੰ ਹਲੂਣਾ ਦਿੰਦਾ ਹੈ:

– ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ॥
ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥ (੫੧੦)

ਹਰੀ ਅੰਮ੍ਰਿਤ ਸਰੋਵਰ ਵਿੱਚ ਨਹਾਉਣ ਨਾਲ ਮੇਰੀ ਤ੍ਰਿਸ਼ਨਾ ਰੂਪੀ ਅਗਨੀ ਬੁਝ ਗਈ। ਅੰਮ੍ਰਿਤ ਸਰੋਵਰ ਦੀ ਹੋਂਦ ਗੁਰੂ ਰਾਮਦਾਸ ਜੀ ਵੇਲੇ ਆਈ ਤਾਂ ਫਿਰ ਕਿਹੜਾ ਅੰਮ੍ਰਿਤ ਸਰੋਵਰ ਸੀ ਜਿਸ ਵਿੱਚ ਗੁਰੂ ਅਮਰਦਾਸ ਜੀ ਨੇ ਇਸ਼ਨਾਨ ਕਰਕੇ ਤ੍ਰਿਸ਼ਨਾ ਰੂਪੀ ਅਗਨੀ ਨਿਵਾਰੀ? ਇਹ ਭੇਦ ਵੀ ਪਦ "ਹਰਿ" ਖੋਲਦਾ ਹੈ, ਹਰੀ ਜੋ ਅੰਮ੍ਰਿਤ ਸਰੋਵਰ ਹੈ, ਉਸ ਵਿੱਚ ਇਸ਼ਨਾਨ ਕਰਨ ਨਾਲ ਤ੍ਰਿਸ਼ਨਾ ਦੀ ਅਗਨੀ ਬੁਝ ਗਈ। ਗੁਰੂ ਅਮਰਦਾਸ ਜੀ ਦਾ ਇੱਕ ਹੋਰ ਫੁਰਮਾਨ ਇੰਜ ਹੈ:

– ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥ (੫੮੭)

ਅੰਮ੍ਰਿਤਸਰ ਤੀਰਥ ਤੇ ਨਹਾਉਣ ਨਾਲ ਮਨ ਦੀ ਹਉਮੈ ਰੂਪੀ ਮੈਲ ਦੂਰ ਹੋ ਗਈ ਤੇ ਮਨ ਨਿਰਮਲ ਹੋ ਗਿਆ। ਤੀਜੀ ਪਾਤਸ਼ਾਹੀ ਵੇਲੇ ਅੰਮ੍ਰਿਤਸਰ ਦੀ ਹੋਂਦ ਹੀ ਨਹੀਂ ਸੀ ਤਾਂ ਫਿਰ ਉਹ ਕਿਹੜਾ ਅੰਮ੍ਰਿਤਸਰ ਤੀਰਥ ਹੈ ਜਿਸ ਦੇ ਇਸ਼ਨਾਨ ਨਾਲ ਮਨ ਵਿੱਚ ਨਿਰਮਲਤਾਈ ਆ ਗਈ ਤੇ ਹਉਮੈ ਰੂਪੀ ਮੈਲ ਦੂਰ ਹੋ ਗਈ? ਇਸ ਦਾ ਉੱਤਰ ਵੀ ਗੁਰੂ ਅਮਰਦਾਸ ਜੀ ਆਪ ਹੀ ਦਿੰਦੇ ਹਨ:

– ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ॥ (੧੦੪੬)

ਇਸ ਸਰੀਰ ਅੰਦਰ ਹੀ ਅੰਮ੍ਰਿਤਸਰ ਸਚਾ ਹੈ। ਮਨ ਉਸ ਨੂੰ ਪ੍ਰੇਮ ਭਾਵਨਾ ਨਾਲ ਪੀਵੇ ਤੇ ਖੀਵਾ ਹੋਵੇ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹੇ ਸੰਤਹੁ, ਇਹ ਸਰੀਰ ਹੀ ਸਰੋਵਰ ਹੈ, ਇਸ ਵਿੱਚ ਲਿਵ ਲਾ ਕੇ ਇਸ਼ਨਾਨ ਕਰੋ। ਜੋ ਨਾਮ ਵਿੱਚ ਇਸ਼ਨਾਨ ਕਰਦੇ ਹਨ, ਨਿਰਮਲ ਹੋ ਜਾਂਦੇ ਹਨ, ਉਨ੍ਹਾਂ ਦੀ ਮੈਲ ਸ਼ਬਦ ਦੁਆਰਾ ਦੂਰ ਹੋ ਜਾਂਦੀ ਹੈ।

– ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ॥ (੯੦੯)

"ਨਾਮਿ" ਦੇ ਮਮੇ ਨੂੰ ਸਿਹਾਰੀ ਸੰਬੰਧਕ ਵਾਚਕ ਹੋਣ ਕਰਕੇ ਅਰਥ ਹੋ ਜਾਂਦੇ ਹਨ, ਨਾਮ ਵਿੱਚ। ਤੀਜੀ ਪਾਤਸ਼ਾਹੀ ਫੁਰਮਾਉਂਦੇ ਹਨ ਕਿ ਸਤਿਗੁਰੂ ਹੀ ਅੰਮ੍ਰਿਤਸਰ ਹੈ ਅਤੇ ਮਨ ਨੂੰ ਉਸ ਵਿੱਚ ਨਹਾ ਕੇ ਹਉਮੈ ਰੂਪੀ ਮੈਲ ਦੂਰ ਕਰੋ:

– ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ॥ (੧੧੩)

ਤੀਜੀ ਪਾਤਸ਼ਾਹੀ ਫਿਰ ਫੁਰਮਾਉਂਦੇ ਹਨ:

– ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥
ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥ (੫੫੮)

ਜਿਨ੍ਹਾਂ ਦੇ ਮਨ ਵਿੱਚ ਹਉਮੈ ਰੂਪੀ ਮੈਲ ਹੈ, ਉਨ੍ਹਾਂ ਦਾ ਸਭ ਕੁਝ ਮੈਲਾ ਹੈ। ਸਰੀਰ ਦੇ ਧੋਤਿਆਂ ਮਨ ਅੱਛਾ ਨਹੀਂ ਹੋ ਸਕਦਾ। ਇਹ ਸੰਸਾਰ ਭਰਮਾਂ ਵਿੱਚ ਭੁਲਾ ਪਿਆ ਹੈ। ਇਸ ਗੱਲ ਨੂੰ ਕੋਈ ਵਿਰਲਾ ਹੀ ਬੁੱਝਦਾ ਹੈ।

ਫਿਰ ਪਹਿਲੀ ਪਾਤਸ਼ਾਹੀ ਦਾ ਵੀ ਇੱਕ ਫੁਰਮਾਨ ਇਸ ਤਰ੍ਹਾਂ ਹੈ:

– ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ॥ (੧੦੪੩)

ਗੁਰੂ ਨਾਨਕ ਸਾਹਿਬ ਜੀ ਵੀ ਵਿਸ਼ਿਆਂ ਦੀ ਮੈਲ ਉਤਾਰਨ ਲਈ ਅੰਮ੍ਰਿਤਸਰ ਵਿੱਚ ਨਹਾਉਣ ਲਈ ਹੁਕਮ ਕਰਦੇ ਹਨ। ਉਸ ਵੇਲੇ ਵੀ ਚੌਥੀ ਪਾਤਸ਼ਾਹੀ ਦਾ ਥਾਪਿਆ ਅੰਮ੍ਰਿਤਸਰ ਹੋਂਦ ਵਿੱਚ ਨਹੀਂ ਸੀ, ਤਾਂ ਫਿਰ ਉਹ ਕਿਹੜਾ ਅੰਮ੍ਰਿਤਸਰ ਹੈ ਜਿਸ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਜੀ ਕਰ ਰਹੇ ਹਨ? ਇਸ ਦੀ ਸਪੱਸ਼ਟਤਾ ਵੀ ਪਹਿਲੀ ਗੁਰੂ ਜੋਤਿ ਨੇ ਆਪ ਹੀ ਕੀਤੀ ਹੈ:

– ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ॥ (੧੦੧੧)

ਗੁਰੂ ਸਾਗਰ ਹੀ ਅੰਮ੍ਰਿਤ ਹੈ, ਜੋ ਵੀ ਇੱਥੇ ਮਨ ਦਾ ਇਸ਼ਨਾਨ ਕਰਵਾਉਂਦਾ ਹੈ, ਉਹ ਮਨ ਦੀਆਂ ਮੁਰਾਦਾਂ ਪਾਉਂਦਾ ਹੈ। ਧੰਨ ਗੁਰੂ ਨਾਨਕ ਸਾਹਿਬ ਦਾ ਇੱਕ ਹੋਰ ਫੁਰਮਾਨ ਹੈ:

– ਗੁਰ ਸਮਾਨਿ ਤੀਰਥੁ ਨਹੀ ਕੋਇ॥ ਸਰੁ ਸੰਤੋਖੁ ਤਾਸੁ ਗੁਰੁ ਹੋਇ॥ਰਹਾਉ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ॥ (੧੩੨੯)

ਗੁਰੂ ਦੇ ਬਰਾਬਰ ਹੋਰ ਕੋਈ ਤੀਰਥ ਨਹੀਂ ਹੈ। ਗੁਰੂ ਸੰਤੋਖ ਦਾ ਸਰੋਵਰ ਹੈ। ਗੁਰੂ ਦਰੀਆਓ ਹੈ ਜਿਸ ਦਾ ਜਲ ਸਦਾ ਨਿਰਮਲ ਰਹਿੰਦਾ ਹੈ ਭਾਵ ਗੰਦਾ ਕਦੀ ਨਹੀਂ ਹੁੰਦਾ। ਐਸੇ ਗੁਰੂ ਸਰੂਪੀ ਦਰੀਆਓ ਨੂੰ ਮਿਲਣ ਕਰਕੇ ਭੈੜੀ ਮਤਿ ਦੀ ਮੈਲ ਦੂਰ ਹੋ ਜਾਂਦੀ ਹੈ। ਸਤਿਗੁਰੂ ਦੇ ਮਿਲਾਪ ਨਾਲ ਹੀ ਪੂਰਾ ਨ੍ਹਾਵਣ ਪ੍ਰਾਪਤ ਹੁੰਦਾ ਹੈ ਤੇ ਪਸ਼ੂ ਬਿਰਤੀ ਦੇਵ ਬਿਰਤੀ ਵਿੱਚ ਬਦਲ ਜਾਂਦੀ ਹੈ। ਭਾਵ ਇਹ ਹੈ ਕਿ ਐ ਭੁਲੇ ਹੋਏ ਜੀਵ! ਕੀ ਤੀਰਥਾਂ ਤੇ ਇਸ਼ਨਾਨ ਕਰਦਾ ਫਿਰਦਾ ਹੈਂ? ਸਰੀਰਕ ਇਸ਼ਨਾਨ ਨਾਲ ਮਨ ਦੀ ਹਉਮੈ ਰੂਪੀ ਮੈਲ ਦੂਰ ਨਹੀਂ ਹੋ ਸਕਦੀ। ਤੂੰ ਭੁਲੇਖੇ ਵਿੱਚ ਹੈਂ, ਤੂੰ ਸੱਚੇ ਸਤਿਗੁਰੂ ਨੂੰ ਮਿਲ ਜੋ ਦਰੀਆਓ ਦੀ ਨਿਆਈਂ ਹੈ। ਉਸਦੇ ਗਿਆਨ ਰੂਪੀ ਜਲ ਵਿੱਚ ਇਸ਼ਨਾਨ ਕਰ, ਤੇਰੀ ਪਸ਼ੂ ਬਿਰਤੀ ਦੇਵ ਬਿਰਤੀ ਵਿੱਚ ਬਦਲ ਜਾਵੇਗੀ ਤੇ ਪਾਪ ਨਸ਼ਟ ਹੋ ਜਾਣਗੇ। ਹਜ਼ੂਰ ਫੁਰਮਾਉਂਦੇ ਹਨ ਕਿ ਗੁਰੂ ਹੀ ਸਾਡਾ ਸਰੋਵਰ ਹੈ ਤੇ ਅਸੀਂ ਇਸ ਗੁਰੂ ਸਰੋਵਰ ਦੇ ਹੰਸ ਹਾਂ। ਇਸ ਸਾਗਰ ਵਿੱਚ ਲਾਲ ਤੇ ਰਤਨ ਭਰੇ ਪਏ ਹਨ।

– ਗੁਰੁ ਸਾਗਰੁ ਰਤਨੀ ਭਰਪੂਰੇ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥ (੬੮੫)

– ਗੁਰੁ ਸਰਵਰੁ ਹਮ ਹੰਸ ਪਿਆਰੇ॥ ਸਾਗਰ ਮਹਿ ਰਤਨ ਲਾਲ ਬਹੁ ਸਾਰੇ॥ (੧੦੨੭)

– ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥ (੧੫੦)

ਗੁਰੂ ਸਮੁੰਦਰ ਦੀ ਨਿਆਈਂ ਹੈ ਤੇ ਸਿੱਖ ਨਦੀ ਹੈ। ਇੱਥੇ ਇਸ਼ਨਾਨ ਕਰਨ ਨਾਲ ਸੋਭਾ ਮਿਲਦੀ ਹੈ।

ਸੋ ਗੁਰਮਤਿ ਦੀ ਰੌਸ਼ਨੀ ਦੁਆਰਾ ਸਪੱਸ਼ਟ ਹੈ ਕਿ ਇਹ ਅੰਮ੍ਰਿਤਸਰ ਇਸ ਸਰੀਰ ਅੰਦਰ ਹੀ ਹੈ। ਸਤਿਗੁਰੂ ਕਿਹੜਾ ਹੈ, ਜਿਸਦੀ ਵਿਆਖਿਆ ਵੀ ਇੰਜ ਹੈ:

– ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (੭੫੯)

ਜੋ ਸਤਿਗੁਰੂ ਸੱਚਾ ਸਦਾ ਇੱਕ ਰਸ ਹੈ, ਜੋ ਕਦੇ ਮਰਦਾ ਜੰਮਦਾ ਨਹੀਂ ਤੇ ਜੋ ਨਾਸ਼ ਰਹਿਤ ਸਰਬ ਸਮਰੱਥ ਹੋਂਦ ਹੈ, ਜੋ ਸਾਰਿਆਂ ਵਿੱਚ ਵਿਆਪਕ ਹੈ, ਓਹੀ ਮੇਰਾ ਸਤਿਗੁਰੂ ਹੈ। ਦੂਜੀ ਗੱਲ, ਉਹ ਸਤਿਗੁਰੂ ਸਮੁੰਦਰ ਅਤੇ ਦਰੀਆਉ ਦੀ ਨਿਆਂਈ ਹੈ, ਉਸ ਦਾ ਜਲ ਕਦੇ ਮੈਲਾ ਨਹੀਂ ਹੁੰਦਾ, ਉਸ ਦਾ ਜਲ ਗਿਆਨ ਹੈ। ਇਸ ਗਿਆਨ ਰੂਪੀ ਜਲ ਵਿੱਚ ਮਨ ਨੂੰ ਇਸ਼ਨਾਨ ਕਰਵਾਉ ਤੇ ਹਉਮੈ ਰੂਪੀ ਮੈਲ ਨੂੰ ਦੂਰ ਕਰੋ, ਜਿਵੇਂ ਹਜ਼ੂਰ ਫੁਰਮਾਉਂਦੇ ਹਨ:

– ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ॥ (੬੩੭)

ਜਲ ਨਾਲ ਮਲ ਕੇ ਸਰੀਰ ਨੂੰ ਸਵੱਛ ਕੀਤਿਆਂ ਸਰੀਰ ਮੁੜ ਮੈਲਾ ਹੋ ਜਾਂਦਾ ਹੈ। ਜੇ ਗਿਆਨ ਦੇ ਮਹਾਂਰਸ ਵਿੱਚ ਨ੍ਹਾਈਏ ਤਾਂ ਮਨ ਅਤੇ ਤਨ ਦੋਵੇਂ ਨਿਰਮਲ ਹੋ ਜਾਂਦੇ ਹਨ।

ਜੋ ਗੁਰੂ ਸਿਧਾਂਤ ਪਹਿਲੀ, ਦੂਜੀ ਤੇ ਤੀਜੀ ਗੁਰੂ ਜੋਤਿ ਨੇ ਅਪਣਾਇਆ, ਪ੍ਰਚਾਰਿਆ ਤੇ ਸੰਗਤਾਂ ਨੂੰ ਦ੍ਰਿੜ੍ਹਾਇਆ, ਓਹੀ ਚੌਥੀ ਤੇ ਪੰਜਵੀਂ ਪਾਤਸ਼ਾਹੀ ਨੇ ਵੀ ਹੂ-ਬ-ਹੂ ਕਾਇਮ ਰੱਖਿਆ। ਕੁਝ ਪ੍ਰਮਾਣ ਇੰਜ ਹਨ:

– ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ॥ ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ॥ (੯੮੧)

ਹੇ ਰਾਮ, ਹਰੀ ਜੋ ਪਾਪਾਂ ਨੂੰ ਨਾਸ਼ ਕਰਨ ਵਾਲਾ ਅੰਮ੍ਰਿਤਸਰ ਹੈ, ਉਸ ਵਿੱਚ ਨਹਾਵੋ। ਸਤਿਗੁਰੂ ਦਾ ਗਿਆਨ ਸੋਹਣਾ ਇਸ਼ਨਾਨ ਹੈ। ਇਹ ਸਤਿਗੁਰੂ ਦੇ ਗਿਆਨ ਦਾ ਇਸ਼ਨਾਨ ਭੈੜੇ ਤੋਂ ਭੈੜੇ ਪਾਪ ਉਤਾਰ ਦੇਂਦਾ ਹੈ।

– ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਕੁ॥ (੭੩੨)

ਗੁਰੂ ਨੇ ਅੰਮ੍ਰਿਤਸਰ ਸਰੋਵਰ ਵਿੱਚ ਜੋ ਗਿਆਨ ਦਾ ਸਰੋਵਰ ਹੈ, ਨ੍ਹਵਾ ਦਿੱਤਾ ਜਿਸ ਨਾਲ ਸਾਰੇ ਪਾਪ ਲਹਿ ਗਏ ਤੇ ਮੋਹ ਰੂਪੀ ਚਿੱਕੜ ਵੀ ਦੂਰ ਹੋ ਗਿਆ। ਚੌਥੇ ਪਾਤਸ਼ਾਹ ਫੁਰਮਾਉਂਦੇ ਹਨ ਕਿ ਹਰਿ ਰੂਪ ਅੰਮ੍ਰਿਤ ਦੇ ਪਾਪ ਨਾਸ਼ ਕਰਨ ਵਾਲੇ ਸਰੋਵਰ ਵਿੱਚ ਇਸ਼ਨਾਨ ਕਰਨ ਤੇ ਦੁਰਮਤ ਦੀ ਮੈਲ ਮਨ ਵਿੱਚੋਂ ਲਹਿ ਜਾਂਦੀ ਹੈ। ਤੁਕ ਇਸ ਤਰ੍ਹਾਂ ਹੈ:

– ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ॥ (੯੮੪)

ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਦੀ ਪਰਿਭਾਸ਼ਾ ਇੰਜ ਦਿੰਦੇ ਹਨ:

– ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥ (੪੯੩)

ਅੰਮ੍ਰਿਤਸਰ ਕੀ ਹੈ? ਉੱਤਰ ਵਿੱਚ ਫ਼ੁਰਮਾਉਂਦੇ ਹਨ ਕਿ ਅੰਮ੍ਰਿਤਸਰ ਕੇਵਲ ਸਤਿਗੁਰੂ ਸਤਿਵਾਦੀ ਹੈ ਜਿਸ ਦੇ ਗਿਆਨ ਰੂਪੀ ਸਰੋਵਰ ਵਿੱਚ ਕਾਲੇ ਕਾਂ ਵਾਂਗੂੰ, ਕਾਲਾ ਹੋਇਆ ਮਨ ਹੰਸ ਹੋ ਜਾਂਦਾ ਹੈ। ਜਦ ਵੀ ਇਹ ਜੀਵ, ਇਸ ਕਾਲੇ ਮਨ ਨੂੰ ਚਾਹੇ ਤਾਂ ਇਸ ਸਰੋਵਰ ਵਿੱਚ ਇਸ਼ਨਾਨ ਕਰਾ ਸਕਦਾ ਹੈ ਤੇ ਨਿਰਮਲ ਸ਼ੁੱਧ ਹੰਸ ਵਾਂਗ ਹੋ ਸਕਦਾ ਹੈ। ਫਿਰ ਹਜ਼ੂਰ ਫ਼ੁਰਮਾਉਂਦੇ ਹਨ ਕਿ ਕੇਵਲ ਗੁਰੂ ਹੀ ਮਾਨ ਸਰੋਵਰ ਹੈ, ਭਾਵ ਗੁਰੂ ਨੂੰ ਮਾਨ ਸਰੋਵਰ ਦੀ ਨਿਆਈਂ ਦਰਸਾ ਰਹੇ ਹਨ। ਇਸ ਸਰੋਵਰ ਦਾ ਇਸ਼ਨਾਨ ਵੱਡੇ ਭਾਗਾਂ ਵਾਲੇ ਪੁਰਖ ਕਰਦੇ ਹਨ। ਜਿਹੜੇ ਗੁਰਮੁਖਿ ਸੇਵਕ ਖੋਜਦੇ ਹਨ, ਉਹ ਹੰਸ ਹਨ ਤੇ ਨਾਮ ਦੀ ਪ੍ਰਾਪਤੀ ਕਰਦੇ ਹਨ।

– ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ॥ (੭੫੭)

ਚੌਥੀ ਪਾਤਸ਼ਾਹੀ ਮੁੜ ਦ੍ਰਿੜ੍ਹਾਉਂਦੇ ਹਨ ਕਿ ਸਤਿਗੁਰੂ ਸਮਰੱਥ ਹੀ ਅੰਮ੍ਰਿਤਸਰ ਹੈ। ਇਸ ਸਰੋਵਰ ਵਿੱਚ ਵੱਡੇ ਭਾਗਾਂ ਵਾਲੇ ਆ ਕੇ ਇਸ਼ਨਾਨ ਕਰਦੇ ਹਨ:

– ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ॥ (੪੦)

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਸਤਿਗੁਰੂ ਹੀ ਐਸਾ ਸਰੋਵਰ ਹੈ ਜਿਸ ਵਿੱਚ ਰਤਨ ਭਰੇ ਪਏ ਹਨ। ਜਿਹੜਾ ਇਸ ਗਿਆਨ ਸਰੋਵਰ ਵਿੱਚ ਟੁੱਭੀ ਲਾਉਂਦਾ ਹੈ, ਉਹ ਰਤਨਾਂ ਨੂੰ ਪਾ ਲੈਂਦਾ ਹੈ, ਪ੍ਰਮਾਣ ਇਹ ਹੈ:

– ਸਤਿਗੁਰੁ ਸਰਵਰੁ ਰਤਨੀ ਭਰਪੂਰੇ ਜਿਸੁ ਪ੍ਰਾਪਤਿ ਸੋ ਪਾਵੈ॥ (੯੬੦)

ਹਜ਼ੂਰ ਮੁੜ ਦ੍ਰਿੜ੍ਹਾਉਂਦੇ ਹਨ ਕਿ ਗੁਰਦੇਵ ਹੀ ਅੰਮ੍ਰਿਤ ਸਰੋਵਰ ਤੀਰਥ ਹੈ, ਹੋਰ ਕੋਈ ਤੀਰਥ ਨਹੀਂ। ਇਸ ਗੁਰੂ ਦੇ ਗਿਆਨ ਦਾ ਇਸ਼ਨਾਨ ਪਰ੍ਹੇ ਤੋਂ ਪਰ੍ਹੇ ਹੈ ਭਾਵ ਹੋਰ ਕੋਈ ਇਸ਼ਨਾਨ ਤੁਲਨਾ ਨਹੀਂ ਰੱਖਦਾ। ਵਾਕ ਇਸ ਤਰ੍ਹਾਂ ਹੈ:

– ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥ (੨੫੦)

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਏ ਮਨ, ਕਿਉਂ ਵੈਰਾਗ ਕਰਦਾ ਹੈਂ? ਮੇਰਾ ਸਤਿਗੁਰੂ ਪੂਰਾ ਹੈ। ਉਹ ਸਤਿਗੁਰੂ ਮਨਸਾ ਪੂਰਨਹਾਰ, ਸਭ ਸੁੱਖਾਂ ਦਾ ਭੰਡਾਰ ਤੇ ਅੰਮ੍ਰਿਤ ਸਰੋਵਰ ਹੈ। ਉਹ ਸਰੋਵਰ ਸਦਾ ਹੀ ਭਰਿਆ ਰਹਿੰਦਾ ਹੈ। ਉਸ ਸਰੋਵਰ ਦਾ ਗਿਆਨ ਰੂਪੀ ਜਲ ਕਦੇ ਨਿਖੁਟਦਾ ਨਹੀਂ।

– ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ॥
ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤ ਸਰਿ ਸਦ ਹੀ ਭਰਪੂਰਾ॥ (੩੭੫)

ਉਪਰਲੇ ਪ੍ਰਮਾਣਾਂ ਤੋਂ ਬਿਨਾਂ ਹੋਰ ਪ੍ਰਮਾਣ ਜਿਨ੍ਹਾਂ ਵਿੱਚ ਗੁਰੂ ਨੂੰ ਅੰਮ੍ਰਿਤ ਸਰੋਵਰ ਦਰਸਾਇਆ ਹੈ ਹੇਠਾਂ ਅੰਕਿਤ ਹਨ। ਭਟ ਕਲ੍ਹ ਜੀ ਤੇ ਨਲ੍ਹ ਜੀ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਸਨਮੁਖ ਹੋ ਕੇ ਬੇਨਤੀ ਕਰਦੇ ਹਨ ਕਿ ਹੇ ਸੱਚੇ ਪਾਤਸ਼ਾਹ! ਆਪ ਵਿੱਚ ਅਤੁੱਟ ਗਿਆਨ ਦਾ ਪ੍ਰਵਾਹ ਚਲ ਰਿਹਾ ਹੈ ਤੇ ਜੋ ਗਿਆਨ ਦਾ ਅੰਮ੍ਰਿਤ ਸਰੋਵਰ ਸਦਾ ਭਰਿਆ ਪਿਆ ਹੈ। ਜਿਹੜੇ ਸੰਤਾਂ ਨੇ ਪਿਛਲੇ ਜਨਮ ਸੇਵਾ ਕੀਤੀ ਹੈ ਉਹ ਸੰਤ ਇਸ ਅੰਮ੍ਰਿਤ ਨੂੰ ਪੀਂਦੇ ਹਨ ਤੇ ਮਨ ਨੂੰ ਇਸ ਵਿੱਚ ਇਸ਼ਨਾਨ ਕਰਾਉਂਦੇ ਹਨ। ਹੇ ਗੁਰਸਿੱਖੋ, ਹੇ ਸੰਤਹੁ! ਕੇਵਲ ਗੁਰੂ ਹੀ ਅਥਾਹ ਨਿਰਮਲ ਜਲ ਹੈ, ਤਾਂ ਤੇ ਇਸ ਵਿੱਚ ਤਾਰੀਆਂ ਲਾਵੋ ਤੇ ਸੱਚੇ ਨਾਮ ਦੇ ਸਰੋਵਰ ਵਿੱਚ ਪ੍ਰੇਮ ਰੂਪੀ ਟੁੱਭੀਆਂ ਲਾਵੋ।

– ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ॥
ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ॥ (੧੩੯੬)

– ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ॥ (੧੪੦੦)

ਭੱਟ ਕੱਲ੍ਹ ਜੀ ਗੁਰੂ ਰਾਮਦਾਸ ਜੀ ਦੇ ਸਨਮੁੱਖ ਹੋ ਕੇ ਬੇਨਤੀ ਕਰਦੇ ਹਨ, ਹੇ ਕਵੀ ਕਲ੍ਹ ਦੇ ਮਾਲਕ ਤੇ ਹਰਦਾਸ ਦੇ ਸਪੁੱਤਰ ਗੁਰੂ ਰਾਮਦਾਸ ਜੀ! ਆਪ ਜੀ ਐਸੇ ਸਦਾ ਭਰੇ ਸਰੋਵਰ ਹੋ ਜੋ ਕਦੇ ਸੱਖਣੇ ਨਹੀਂ ਹੁੰਦੇ:

– ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥ (੧੩੯੬)

ਸ੍ਰੀ ਗੁਰੂ ਰਾਮਦਾਸ ਜੀ ਨੂੰ ਜਲ ਵੱਤ ਜਲ ਦਾ ਦ੍ਰਿਸ਼ਟਾਂਤ ਦੇ ਰਹੇ ਹਨ ਤੇ ਆਖਦੇ ਹਨ ਕਿ ਆਪ ਹੀ ਗਿਆਨ ਰੂਪੀ ਜਲ ਹੋ ਜੋ ਕਦੇ ਨਿਖੁਟਦਾ ਨਹੀਂ।

ਉੱਪਰ ਗੁਰਬਾਣੀ ਵਿਚਾਰ ਦੀ ਅਰੰਭਤਾ ਵਿੱਚ ਗੁਰੂ ਸ਼ਬਦ ਆਇਆ ਸੀ, "ਰਾਮਦਾਸ ਸਰੋਵਰਿ ਨਾਤੇ", ਪੂਰਾ ਸ਼ਬਦ ਹੇਠਾਂ ਅੰਕਿਤ ਹੈ:

– ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥

ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥
ਸਭਿ ਕੁਸਲ ਖੇਮ ਪ੍ਰਭਿ ਧਾਰੇ॥ ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ॥ਰਹਾਉ॥
ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥
ਨਾਨਕ ਨਾਮੁ ਧਿਆਇਆ॥ ਆਦਿ ਪੁਰਖ ਪ੍ਰਭੁ ਪਾਇਆ॥ (੬੨੫)

ਰਹਾਉ ਦੀ ਤੁਕ ਵਿੱਚ ਸਾਰੇ ਸ਼ਬਦ ਦਾ ਸਾਰਅੰਸ਼ ਹੈ। ਗੁਰੂ ਦੇ ਸ਼ਬਦ ਦੀ ਵੀਚਾਰ ਨੇ ਸਦਾ ਦਾ ਆਨੰਦ ਤੇ ਖੇੜਾ ਬਖਸ਼ ਦਿੱਤਾ ਹੈ। ਨਿਰਵਿਘਨਤਾ ਸਹਿਤ ਸਾਰੇ ਕਾਰਜ ਰਾਸ ਹੋ ਗਏ ਹਨ। ਸਾਧ ਸੰਗਤ ਨੇ ਪਾਪਾਂ ਦੀ ਮੈਲ ਲਾਹ ਦਿੱਤੀ ਹੈ। ਹੁਣ ਪਾਰਬ੍ਰਹਮ ਸੰਗੀ ਸਾਥੀ ਹੈ। ਹੇ ਨਾਨਕ! ਮੈਂ ਨਾਮ ਧਿਆ ਕੇ ਜੋ ਆਦਿ ਪੁਰਖ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਹੈ, ਉਸ ਨੂੰ ਪਾ ਲਿਆ ਹੈ। ਇਹ ਸਭ ਕੁਝ ਕਿਵੇਂ ਹੋਇਆ? ਗੁਰੂ ਰਾਮਦਾਸ, ਜੋ ਸਰੋਵਰ ਵੱਤ ਹਨ ਤੇ ਜੋ ਉਨ੍ਹਾਂ ਦਾ ਗਿਆਨ ਰੂਪੀ ਸਰੋਵਰ ਹੈ, ਉਸ ਵਿੱਚ ਇਸ਼ਨਾਨ ਕੀਤਾ। ਜਦ ਮਨ ਨੇ ਇਸ ਗਿਆਨ ਰੂਪੀ ਸਰੋਵਰ ਵਿੱਚ ਇਸ਼ਨਾਨ ਕੀਤਾ ਤਾਂ ਸਾਰੇ ਕੀਤੇ ਹੋਏ ਪਾਪ ਉੱਤਰ ਗਏ ਤੇ ਮਨ ਇਸ਼ਨਾਨ ਕਰਕੇ ਨਿਰਮਲ ਹੋ ਗਿਆ। ਪੂਰੇ ਗੁਰੂ ਨੇ ਇਹ ਦਾਨ ਬਖ਼ਸ਼ਿਆ ਹੈ। ਇਹ ਮਿਹਰ ਹੈ, ਇਹ ਬਖ਼ਸ਼ਿਸ਼ ਹੈ, ਇਸ ਸ਼ਬਦ ਵਿੱਚ ਗੁਰੂ ਰਾਮਦਾਸ ਪਾਤਸ਼ਾਹ ਨੂੰ ਸਰੋਵਰ ਦੀ ਤਸਬੀਹ ਭਾਵ ਤੁਲਨਾ ਦਾ ਅਲੰਕਾਰ ਦਿੱਤਾ ਹੈ। ਜੇ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਰਚੇ ਜਲ ਵਾਲੇ ਸਰੋਵਰ ਦਾ ਅਰਥ ਲਈਏ ਤਾਂ ਗੁਰਮਤਿ ਦੇ ਮੂਲਕ ਸਿਧਾਂਤ ਤੋਂ ਉਲਟ ਹੈ। ਦੂਜਾ ਸ਼ਬਦ ਇਹ ਹੈ:

- ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥ (੧੩੬੨)

ਸਾਰੇ ਥਾਂ ਡਿਠੇ ਹਨ ਪਰ ਆਪ ਜੀ ਵਰਗੇ ਹੋਰ ਕੋਈ ਨਹੀਂ। ਆਪ ਨੂੰ ਬਿਧਾਤੇ ਪੁਰਖ ਨੇ ਰਚਿਆ ਹੈ ਤੇ ਆਪ ਜੀ ਸੁਭਾਇਮਾਨ ਹੋ। ਰਾਮਦਾਸ ਪੁਰੇ ਦੀ ਵਸੋਂ ਅਪਾਰ ਤੇ ਅਨੂਪਮ ਹੈ ਭਾਵ ਜਿਸ ਦੀ ਕੋਈ ਨਜ਼ੀਰ ਨਹੀਂ ਹੈ। ਪਦ "ਹਰਿਹਾਂ" ਤੁਕ ਦੀ ਟੇਕ ਹੈ ਤੇ ਗੁਰੂ ਪੰਚਮ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਹੇ ਨਾਨਕ! ਗੁਰੂ ਰਾਮਦਾਸ ਜੋ ਸਰੋਵਰ ਦੀ ਨਿਆਈਂ ਹੈ, ਉਸ ਵਿੱਚ ਨ੍ਹਾਤੇ ਸਭ ਮੈਲ ਚਲੀ ਜਾਂਦੀ ਹੈ। ਇੱਥੇ ਵੀ ਗੁਰੂ ਰਾਮਦਾਸ ਜੀ ਨੂੰ ਗਿਆਨ ਦਾ ਸਰੋਵਰ ਸੰਬੋਧਨ ਕਰ ਰਹੇ ਹਨ। ਸ੍ਰੀ ਗੁਰੂ ਰਾਮਦਾਸ ਸਚੇ ਪਾਤਸ਼ਾਹ ਦਾ ਗਿਆਨ ਸਰੋਵਰ ਹੁਣ ਵੀ ਲਗਾਤਾਰ ਤੇ ਇਕਰਸ ਭਰਪੂਰ ਹੈ। ਗੁਰੂ ਰਾਮਦਾਸ ਜੀ ਦੇ ਜਲ ਸਰੋਵਰ ਵਿਚਕਾਰ ਜੋ ਹਰਿਮੰਦਰ ਸਾਹਿਬ ਰਚਿਆ ਗਿਆ ਹੈ ਇਸ ਵਿੱਚ ਜੋ ਰਾਤ ਦਿਨ ਨਾਮ ਬਾਣੀ ਦਾ ਪ੍ਰਵਾਹ ਚਲ ਰਿਹਾ ਹੈ, ਉਸ ਵਿੱਚ ਜੋ ਵੀ ਇਸ਼ਨਾਨ ਕਰੇ, ਉਸ ਦੇ ਕੀਤੇ ਹੋਏ ਪਾਪ ਨਸ਼ਟ ਹੋ ਸਕਦੇ ਹਨ। ਕੋਈ ਪਰਤਾਵਾ ਕਰਕੇ ਵੇਖ ਲਵੇ ਨਿਸ਼ਚਿਤ ਹੀ ਪਾਪ ਨਸ਼ਟ ਹੋ ਜਾਣਗੇ। ਪਰ ਕੋਈ ਜੇ ਇਹ ਵਿਚਾਰਧਾਰਾ ਬਣਾ ਲਵੇ ਕਿ ਸਾਰੇ ਸਾਲ ਰਜ ਕੇ ਪਾਪ ਕਰੇ ਤੇ ਸਾਲ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਜਲ ਸਰੋਵਰ ਵਿੱਚ ਆ ਇਸ਼ਨਾਨ ਨਾਲ ਪਾਪ ਦੂਰ ਕਰ ਲਵੇ ਤਾਂ ਇਹ ਗੁਰਮਤਿ ਦੇ ਮੂਲਕ ਸਿਧਾਂਤ ਤੋਂ ਉਲਟ ਹੈ।

- ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥

ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥ (੩੯)

ਕਾਇਆਂ ਅੰਦਰ ਅੰਮ੍ਰਿਤਸਰੁ

- ਸਬਦਿ ਮਰੈ ਸੋਈ ਜਨੁ ਪੂਰਾ॥ ਸਤਿਗੁਰੁ ਆਖਿ ਸੁਣਾਏ ਸੂਰਾ॥
ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ॥ (੧੦੪੬)

ਗੁਰੂ ਸੂਰਮੇ ਨੇ ਆਖ ਕੇ ਸੁਣਾ ਦਿੱਤਾ ਹੈ ਕਿ ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਭਾਵ ਗੁਰੂ ਦੀ ਮੱਤਿ ਅਨੁਸਾਰ ਆਪਣਾ ਜੀਵਨ ਢਾਲ ਕੇ ਵਿਕਾਰਾਂ ਦੀ ਮਾਰ ਤੋਂ ਬਚਿਆ ਰਹਿੰਦਾ ਹੈ, ਵਿਕਾਰਾਂ ਦਾ ਪ੍ਰਭਾਵ ਆਪਣੇ

ਉੱਤੇ ਨਹੀਂ ਪੈਣ ਦਿੰਦਾ, ਉਹੀ ਮਨੁੱਖ ਪੂਰਨ ਹੈ। ਉਸ ਮਨੁੱਖ ਦੇ ਸਰੀਰ ਵਿੱਚ ਹੀ ਸਦਾ ਥਿਰ ਪ੍ਰਭੂ ਦੇ ਆਤਮਿਕ ਜੀਵਨ ਦੇਣ ਵਾਲੇ ਨਾਮ ਜਲ ਦਾ ਸਰੋਵਰ ਅਥਵਾ ਕੁੰਡ ਹੈ ਜਿਸ ਵਿੱਚੋਂ ਉਸ ਦਾ ਮਨ ਬੜੇ ਪ੍ਰੇਮ ਪਿਆਰ ਨਾਲ ਨਾਮ ਜਲ ਪੀਂਦਾ ਰਹਿੰਦਾ ਹੈ।

ਗੁਰਬਾਣੀ ਵਿੱਚ ਪ੍ਰਮਾਤਮਾ ਦੇ ਨਾਮ ਨੂੰ ਅਥਵਾ ਸਤਿਗੁਰੂ ਨੂੰ ਅੰਮ੍ਰਿਤਸਰ ਫੁਰਮਾਇਆ ਹੈ। ਇੱਥੋਂ ਤੱਕ ਕਿ ਮਨੁੱਖਾ ਸਰੀਰ ਦੇ ਅੰਦਰ ਵੀ ਅੰਮ੍ਰਿਤਸਰ ਦੀ ਹੋਂਦ ਨੂੰ ਮੰਨਿਆ ਹੈ, ਪਰ ਪਾਣੀ ਦੇ ਭਰੇ ਕਿਸੇ ਸਰੋਵਰ ਨੂੰ, ਇੱਟਾਂ ਗਾਰੇ ਦੇ ਬਣੇ ਕਿਸੇ ਸ਼ਹਿਰ ਨੂੰ ਜਾਂ ਕਿਸੇ ਮੰਦਰ ਨੂੰ ਅਥਵਾ ਨਜ਼ਰ ਆਉਣ ਵਾਲੇ ਜਾਂ ਕਿਸੇ ਵੀ ਨਾਸ਼ਵੰਤ ਪਦਾਰਥ ਨੂੰ ਅੰਮ੍ਰਿਤਸਰ ਬਿਲਕੁਲ ਨਹੀਂ ਮੰਨਿਆ। ਗੁਰਬਾਣੀ ਅਥਵਾ ਬ੍ਰਹਮ ਵਿਚਾਰ ਦੇ ਮਹਾਨ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਮਹਾਨ ਅੰਮ੍ਰਿਤ ਸਰੋਵਰ ਹਨ, ਇਹੀ ਅੰਮ੍ਰਿਤ ਦਾ ਅਥਾਹ ਸਾਗਰ ਹਨ। ਜਿਸ ਥਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਜਾ ਬਿਰਾਜਦੇ ਹਨ ਉਹੀ ਥਾਂ ਬੈਕੁੰਠ ਬਣ ਜਾਂਦਾ ਹੈ। ਜਿੱਥੇ ਹਰੀ ਨਾਮ ਦਾ ਕੀਰਤਨ ਹੁੰਦਾ ਹੈ ਅਤੇ ਗੁਰੂ ਸ਼ਬਦ ਦੀ ਵਿਚਾਰ ਹੁੰਦੀ ਹੈ, ਗੁਰਮਤਿ ਨੇ ਉਸੇ ਨੂੰ ਅੰਮ੍ਰਿਤ ਸਰੋਵਰ ਮੰਨਿਆ ਹੈ। ਕਿਸੇ ਸ਼ਹਿਰ ਜਾਂ ਕਿਸੇ ਮੰਦਰ ਦਾ ਨਾਮ ਜੇ ਅੰਮ੍ਰਿਤਸਰ ਰੱਖ ਦਿੱਤਾ ਜਾਵੇ ਤਾਂ ਉਹ ਸਦੀਵੀ ਜ਼ਿੰਦਗੀ ਦੇ ਸਕਣ ਦੀ ਸ਼ਕਤੀ ਵਾਲੇ ਅੰਮ੍ਰਿਤ ਦਾ ਸਰੋਵਰ ਨਹੀਂ ਬਣ ਜਾਂਦਾ। ਜਿਵੇਂ ਨਾਨਕ, ਗੋਬਿੰਦ, ਅਮਰਦਾਸ ਕਈਆਂ ਮਨੁੱਖਾਂ ਦੇ ਨਾਮ ਹਨ, ਤਾਂ ਕੀ ਉਹ ਗੁਰੂ ਸਾਹਿਬਾਨ ਦੀ ਜੋਤਿ ਦੇ ਮਾਲਕ ਬਣ ਗਏ ਹਨ? ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਰਹਿਤ ਮਰਿਯਾਦਾ ਵਿੱਚ ਪੰਥਕ ਮੰਗ ਵੀ ਸਰੀਰ ਦੇ ਇਸ਼ਨਾਨ ਦੀ ਨਹੀਂ ਹੈ। ਨਾਮ ਦੇ ਸਰੋਵਰ ਸਤਿਗੁਰੂ ਦੀ ਸੰਗਤ ਨੂੰ ਹੀ ਅੰਮ੍ਰਿਤਸਰ ਮੰਨ ਕੇ ਉਸ ਵਿੱਚ ਹੁੰਦੇ ਆਤਮਿਕ ਇਸ਼ਨਾਨ ਦੀ ਹੀ ਮੰਗ ਕੀਤੀ ਹੋਈ ਹੈ।

– ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ॥
ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ॥ (੧੪੧੧)